ਵੀਰਵਾਰ
24, ਦਸੰਬਰ 2009
11 ਪੋਹ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 254,
ਸਾਲ 25
Postal Regd. No.
PB/0007/09-2011

www.ajdiawaaz.com | ਪੰਜਾਬ ਦੀ ਉਮੀਦ | info@ajdiawaaz.com


ਸ਼ਹਿਰ ਤੇ ਆਸ-ਪਾਸ — ਡੇਢ ਲੱਖ ਵਿਕਾਸੀ ਕੰਮਾਂ ਉੱਤੇ ਖਰਚਿਆ 3
ਸੰਪਾਦਕੀ — ਅਕਲ ਕਰੋ - ਰਾਗੀ ਦਰਸ਼ਨ ਸਿੰਘ 4

ਸਿੱਖ ਧਰਮ — ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ 8

## ਅਕਲ ਕਰੋ - ਰਾਗੀ ਦਰਸ਼ਨ ਸਿੰਘ

*ਗੁਰਦੀਪ ਸਿੰਘ*

ਰਾਗੀ ਦਰਸ਼ਨ ਸਿੰਘ ਆਪਣੀ ਸ਼ੈਤਾਨੀਅਤ ਨਾਲ ਕੀਤੀ ਵੱਡੀ ਗਲਤੀ ਨੂੰ ਉਲਝਾਉਣ ਦਾ ਯਤਨ ਕਰ ਰਹੇ ਹਨ, ਪ੍ਰੰਤੂ ਰਾਗੀ ਦਰਸ਼ਨ ਸਿੰਘ ਨੂੰ ਇਹ ਗੱਲ ਸਪੱਸ਼ਟ ਤੌਰ 'ਤੇ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਉਸ ਨਾਲ ਹਜ਼ਾਰਾਂ ਸਰਮਾਏਦਾਰ, ਸਰਨੇ, ਹਜ਼ਾਰਾਂ ਸਪੋਕਸਮੈਨ, ਹਜ਼ਾਰਾਂ ਸਰਕਾਰਾਂ, ਹਜ਼ਾਰਾਂ ਸਿੱਖ ਵਿਰੁੱਧੀ ਸਾਜ਼ਿਸ਼ੀ ਵੀ ਸਾਥ ਦੇ ਦੇਣ ਤਾਂ ਵੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਲੈਣ ਦੇ ਸਮਰੱਥ ਨਹੀਂ ਹੋ ਸਕਦਾ। ਗੱਲ ਬੜੀ ਸਪੱਸ਼ਟ ਹੈ ਕਿ ਉਸ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਵੱਡੀਆਂ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਉਹ ਇਹ ਦੱਸਣ ਦੀ ਬਜਾਏ ਕਿ ਉਨ੍ਹਾਂ ਨੇ ਵੱਡੀ ਗਲਤੀ ਕਿਉਂ ਕੀਤੀ, ਇਹ ਪ੍ਰਚਾਰਕੇ ਮਸਲੇ ਨੂੰ ਉਲਝਾ ਰਹੇ ਹਨ ਕਿ ਦਸਮ ਗ੍ਰੰਥ ਵਿੱਚ ਦਰਜ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹੈ ਜਾਂ ਨਹੀਂ। ਦਸਮ ਗ੍ਰੰਥ ਦੀ ਬਾਣੀ ਬਾਰੇ ਇਹ ਸਵਾਲ ਇੱਕ ਵੱਖਰਾ ਵਿਸ਼ਾ ਹੈ।

(ਪੂਰਾ ਸੰਪਾਦਕੀ ਅੰਦਰ ਸਫ਼ਾ 4 'ਤੇ ਪੜ੍ਹੋ)

# ਕਿਸਾਨਾਂ ਦੀ ਕੀਮਤ 'ਤੇ ਸ਼ਹਿਰੀਆਂ ਦੀ ਲੁੱਟ ਬਰਦਾਸ਼ਤ ਨਹੀਂ ਕਰਾਂਗੇ-ਭਾਜਪਾ

ਚੰਡੀਗੜ੍ਹ, 23 ਦਸੰਬਰ (ਹਰੀਸ਼ ਚੰਦਰ ਬਾਗਾਂਵਾਲਾ)-ਭਾਜਪਾ ਦੇ ਪੰਜ ਮੈਂਬਰੀ ਪ੍ਰਤੀਨਿਧ ਮੰਡਲ ਨੇ ਅੱਜ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਪਿੰਡਾਂ ਅਤੇ ਕਿਸਾਨਾਂ ਨੂੰ ਰਾਹਤਾਂ ਅਤੇ ਖੇਤੀ ਖੇਤਰ ਦੀਆਂ ਸਬਸਿਡੀਆਂ ਦੇਣ ਦੀ ਕੀਮਤ 'ਤੇ ਸ਼ਹਿਰੀਆਂ ਉਪਰ ਲੱਦੇ ਜਾ ਰਹੇ ਮਹਿੰਗਾਈ ਦੇ ਭਾਰ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਰਾਜਿੰਦਰ ਭੰਡਾਰੀ ਦੀ ਅਗਵਾਈ ਵਿੱਚ ਮਿਲੇ ਭਾਜਪਾ ਦੇ ਇਸ ਵਫਦ ਨੇ ਡਿਪਟੀ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੈਬਨਿਟ ਮੰਤਰੀ ਸ੍ਰੀ ਮਨੋਰੰਜਨ ਕਾਲੀਆ 'ਤੇ ਅਧਾਰਤ ਕਮੇਟੀ ਬਾਰੇ ਵੀ ਮੁੱਖ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਸ਼ਹਿਰੀ ਲੋਕਾਂ ਖਿਲਾਫ ਧੱਕੇਸ਼ਾਹੀ ਬਰਦਾਸਤ ਨਹੀਂ ਕੀਤੀ ਜਾਵੇਗੀ। ਭਾਜਪਾ ਵਫਦ ਨੇ ਆਪਣੀ ਨਿਰਧਾਰਤ ਕੀਤੀ ਨੀਤੀ ਅਨੁਸਾਰ ਮੁੱਖ ਮੰਤਰੀ ਨੂੰ ਸਪੱਸ਼ਟ ਕਹਿ ਦਿੱਤਾ ਹੈ ਕਿ ਬਿਜਲੀ ਦਰਾਂ ਵਿੱਚ ਕੀਤੇ ਵਾਧੇ ਦਾ ਖਰਚ ਸਰਕਾਰ ਖੁਦ ਸਹਿਣ ਕਰੇ। ਉਨ੍ਹਾਂ ਨੇ ਕਿਹਾ ਕਿ ਜੇ ਇਹ ਵਾਧਾ ਕਰਨਾ ਹੀ ਹੈ ਤਾਂ ਕਿਸਾਨਾਂ ਨੂੰ ਖੇਤੀ ਖੇਤਰ ਲਈ ਦਿੱਤੀ ਜਾ ਰਹੀ ਸਬਸਿਡੀ ਵੀ ਉਸ ਦੇ ਨਾਲ ਹੀ ਵਾਪਸ ਲਈ ਜਾਵੇ। ਜ਼ਿਕਰਯੋਗ ਹੈ ਕਿ ਬਾਦਲ ਸਰਕਾਰ ਵੱਲੋਂ ਸ਼ਹਿਰਾਂ ਉਪਰ ਵਧਾਏ ਜਾ ਰਹੇ ਟੈਕਸ ਅਤੇ ਖੇਤੀ ਖੇਤਰ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਕਾਰਨ ਭਾਜਪਾ ਦੇ ਸ਼ਹਿਰੀ ਖੇਤਰ 'ਚੋਂ ਅਧਾਰ ਨੂੰ ਭਾਰੀ ਖੋਰਾ ਲੱਗ ਰਿਹਾ ਹੈ। ਇਸ ਸੰਬੰਧ ਵਿੱਚ ਭਾਜਪਾ ਕੋਰ ਕਮੇਟੀ ਦੀ ਬੀਤੇ ਦਿਨ ਅੰਮ੍ਰਿਤਸਰ ਵਿਖੇ ਮੀਟਿੰਗ ਵਿੱਚ ਸ਼ਹਿਰੀ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਵਾਉਣ ਅਤੇ ਟੈਕਸਾਂ ਆਦਿ ਤੋਂ ਰਾਹਤ ਦਿਵਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮਿਲਣ ਦਾ ਫੈਸਲਾ

(ਬਾਕੀ ਸਫਾ 2 'ਤੇ)

## ਅਕਾਲੀ-ਭਾਜਪਾ ਵਿੱਚ ਮੱਤਭੇਦ ਫਿਰ ਉਭਰੇ

ਚੰਡੀਗੜ੍ਹ, 23 ਦਸੰਬਰ (ਹਰੀਸ਼ ਚੰਦਰ ਬਾਗਾਂਵਾਲਾ)-ਬੀਤੀ ਰਾਤ ਜੋ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਹੋਈ ਸੀ, ਉਸ ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਉਦਯੋਗ ਅਤੇ ਸਥਾਨਿਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਦੇ ਸ਼ਾਮਲ ਨਾ ਹੋਣ ਕਰਕੇ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਨਹੀਂ ਹੋ ਸਕਿਆ। ਇਸ ਕਰਕੇ ਇਹ ਮੀਟਿੰਗ ਕੋਈ ਪੌਣਾ ਘੰਟਾ

(ਬਾਕੀ ਸਫਾ 2 'ਤੇ)



ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸੁਬੋਰਡੀਨੇਟ ਸਰਵਿਸਜ਼ ਸਿਲੈਕਸ਼ਨ ਬੋਰਡ ਦੇ ਨਵੇਂ ਬਣਾਏ ਚੇਅਰਮੈਨ ਸ. ਸੰਤਾ ਸਿੰਘ ਉਮੈਦਪੁਰ ਤੇ ਮੈਂਬਰ ਸ੍ਰੀ ਦਰਸ਼ਨ ਲਾਲ ਜੇਠੂ ਮਾਜਰਾ ਸਮੇਤ ਹੋਰ ਮੈਂਬਰਾਂ ਅਹੁੱਦੇ ਦਾ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਉਂਦੇ ਹੋਏ। (ਖ਼ਬਰ ਸਫ਼ਾ 2 'ਤੇ ਪੜ੍ਹੋ)

ੴ ਸਤਿਗੁਰ ਪ੍ਰਸਾਦਿ ॥

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)





ਕੋਊ ਕਿਸੀ ਕੋ ਰਾਜ ਨ ਦੈਹੈਂ॥ ਜੋ ਲੇ ਹੈਂ ਨਿੱਜ ਬਲ ਸੇ ਲੈਹੈਂ॥

### ਵੱਲੋਂ 25 ਦਸੰਬਰ 2009 ਨੂੰ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ

ਸਤਿਕਾਰਯੋਗ ਗੁਰੂ ਰੂਪ ਖਾਲਸਾ ਜੀਓ

ਵਾਹਿਗੁਰੂ ਜੀ ਕਾ ਖ਼ਾਲਸਾ।
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਭਲੀ ਭਾਂਤ ਜਾਣੂ ਹੀ ਹੋ ਪੰਥਕ ਮਖੌਟਾ ਪਹਿਣ ਕੇ ਆਰ.ਐਸ.ਐਸ.-ਭਾਜਪਾ ਅਤੇ ਹੋਰ ਹਿੰਦੂਤਵ ਤਾਕਤਾਂ ਦੀ ਹੱਥਠੋਕੀ ਬਣੀ ਪੰਜਾਬ ਦੀ ਮੌਜੂਦਾ ਬਾਦਲ ਸਰਕਾਰ ਤੇ ਸਿੱਖ ਕੌਮ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਾਬਿਜ਼ ਹੋਏ ਮਰ ਚੁੱਕੀਆਂ ਜ਼ਮੀਰਾਂ ਦੇ ਮਾਲਕ ਦਿਸ਼ਾਹੀਣ ਪ੍ਰਧਾਨ, ਜਥੇਦਾਰ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਕੋਈ ਵੀ ਉਸਾਰੂ ਸੇਧ ਦੇਣ ਅਤੇ ਸਿੱਖ ਕੌਮ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਦੂਰ ਕਰਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਸਾਬਿਤ ਹੋ ਚੁੱਕੇ ਹਨ। ਇਸ ਦੇ ਬਾਵਜੂਦ ਵੀ ਗੁਰੂ ਦੀਆਂ ਗੋਲਕਾਂ ਅਤੇ ਪੰਜਾਬ ਦੇ ਖਜ਼ਾਨੇ ਦੀ ਗੈਰ ਇਖਲਾਕੀ ਤਰੀਕੇ ਦੁਰਵਰਤੋਂ ਕਰਕੇ ਪੰਜਾਬੀਆਂ ਅਤੇ ਸਿੱਖ ਕੌਮ ਨੂੰ ਗੁੰਮਰਾਹ ਕਰਨ 'ਤੇ ਲੱਗੇ ਹੋਏ ਹਨ।

05 ਦਸੰਬਰ 2009 ਨੂੰ ਲੁਧਿਆਣਾ ਵਿਖੇ ਨਿਹੱਥੇ ਸਿੱਖਾਂ ਉੱਤੇ ਇਨ੍ਹਾਂ ਨੇ ਗੋਲੀਆਂ ਵਰ੍ਹਾ ਕੇ ਸਿੱਖਾਂ ਨੂੰ ਸ਼ਹੀਦ ਅਤੇ ਜ਼ਖ਼ਮੀ ਕਰਨ ਦੀ ਮੰਦਭਾਗੀ ਕਾਰਵਾਈ ਕਰਕੇ ਖੁਦ ਹੀ ਸਾਬਿਤ ਕਰ ਦਿੱਤਾ ਹੈ ਕਿ ਅਸੀਂ ਹਿੰਦੂ ਤਾਕਤਾਂ ਦੇ ਪੱਕੇ ਗੁਲਾਮ ਬਣ ਗਏ ਹਾਂ। ਇਸ ਲਈ ਅਜਿਹੀ ਸਵਾਰਥੀ ਲੀਡਰਸ਼ਿਪ ਤੋਂ ਸਿੱਖ ਕੌਮ ਜਾਂ ਆਪਣੇ ਪੰਜਾਬ ਸੂਬੇ ਦੇ ਲੋਕਾਂ ਦੇ ਹੱਕ ਹਕੂਕਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਆਸ ਕਤਈ ਨਹੀਂ ਰੱਖੀ ਜਾ ਸਕਦੀ ਅਤੇ ਨਾ ਹੀ ਅਜਿਹੀ ਕਮਜ਼ੋਰ ਲੀਡਰਸ਼ਿਪ ਸਿੱਖ ਕੌਮ ਦੀ ਵੱਖਰੀ ਪਹਿਚਾਣ ਨੂੰ ਪ੍ਰਗਟਾਉਣ ਵਾਲੇ "ਅਨੰਦ ਮੈਰਿਜ ਐਕਟ" ਅਤੇ ਇੱਥੇ ਸਿੱਖਾਂ ਨੂੰ ਇੱਕ ਨਿਯਮਾਵਾਲੀ ਵਿੱਚ ਬੱਝਣ ਲਈ "ਆਲ ਇੰਡੀਆ ਗੁਰਦੁਆਰਾ ਐਕਟ" ਬਣਵਾਉਣ ਦੀ ਸਮਰੱਥਾ ਰੱਖਦੀ ਹੈ। ਹਿੰਦੂ ਤਾਕਤਾਂ ਦੀ ਗੁਲਾਮ ਇਹ ਲੀਡਰਸ਼ਿਪ ਸਿੱਖ ਕੌਮ ਲਈ ਗੁਰੂ ਸਾਹਿਬਾਨ ਦੀ ਸਰਬਸਾਂਝੀ ਸੋਚ 'ਤੇ ਅਧਾਰਿਤ ਆਪਣਾ ਘਰ "ਬੇਗਮਪੁਰਾ (ਖਾਲਿਸਤਾਨ)" ਬਣਾਉਣ ਲਈ ਬਿਲਕੁਲ ਵੀ ਸੰਜੀਦਾ ਨਹੀਂ। ਇਸ ਲਈ ਸਿੱਖ ਕੌਮ ਨੂੰ ਸਿੱਖੀ ਸਿਧਾਂਤਾਂ 'ਤੇ ਅਧਾਰਿਤ ਅਗਲੀ ਫੈਸਲਾਕੁੰਨ ਰਣਨੀਤੀ ਘੜਨ ਲਈ 25 ਦਸੰਬਰ ਨੂੰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦੀ ਅਸਥਾਨ 'ਤੇ ਸ਼ਹੀਦਾਂ ਨੂੰ ਨਮਸਤਕ ਹੁੰਦੇ ਹੋਏ ਵਿਸ਼ਾਲ ਕਾਨਫਰੰਸਕੀਤੀ ਜਾ ਰਹੀ ਹੈ। ਜਿਸ ਵਿੱਚ ਹਰ ਗੁਰਸਿੱਖ ਨੂੰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

**ਗੁਰੂ ਘਰ ਤੇ ਪੰਥ ਦਾ ਦਾਸ,**
**ਸਿਮਰਨਜੀਤ ਸਿੰਘ ਮਾਨ,**
**ਪ੍ਰਧਾਨ,**
**ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)**

ਜਾਰੀ ਕਰਤਾ: ਭਾਈ ਇਕਬਾਲ ਸਿੰਘ ਟਿਵਾਣਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) +9198783-44432, 01763-233764 Website: www.akalidalamritsar.net and Email Id: sad_amritsar@yahoo.co.in

## ਕੱਲ੍ਹ ਦੇ ਸ਼ਹੀਦੀ ਜੋੜ-ਮੇਲੇ 'ਚ ਸਮੁੱਚਾ ਸੰਤ ਸਮਾਜ ਤੇ ਪੰਥਕ ਜਥੇਬੰਦੀਆਂ ਵੱਧ ਚੜ੍ਹ ਕੇ ਸ਼ਾਮਿਲ ਹੋਣ-ਖਾਲਸਾ ਐਕਸ਼ਨ ਕਮੇਟੀ

ਜਲੰਧਰ, 23 ਦਸੰਬਰ (ਮਲਕੀਤ ਸਿੰਘ ਬਰਾੜ)-ਖਾਲਸਾ ਐਕਸ਼ਨ ਕਮੇਟੀ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ, ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਅਕਾਲ ਤਖ਼ਤ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ, ਦਲ ਖਾਲਸਾ ਦੇ ਪ੍ਰਧਾਨ ਹਰਚਰਨ ਸਿੰਘ ਧਾਮੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਭੋਮਾ, ਫੈਡਰੇਸ਼ਨ ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਫੈਡਰੇਸ਼ਨ ਮਹਿਤਾ ਦੇ ਪ੍ਰਧਾਨ ਪਰਮਜੀਤ ਸਿੰਘ ਖਾਲਸਾ ਅਤੇ ਜੋਧਪੁਰ ਮੁੜ ਵਸੇਬਾ ਕਮੇਟੀ ਦੇ ਪ੍ਰਧਾਨ ਅਮਰੀਕ ਸਿੰਘ ਹਰੀਆ ਨੇ ਇਕ ਸਾਂਝੇ ਬਿਆਨ ਵਿਚ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੰਤ ਸਮਾਜ ਅਤੇ ਪੰਥਕ ਜਥੇਬੰਦੀਆਂ ਵਲੋਂ ਲੁਧਿਆਣਾ ਗੋਲੀਕਾਂਡ ਵਿਚ ਸ਼ਹੀਦ ਹੋਏ ਭਾਈ ਦਰਸ਼ਨ ਸਿੰਘ ਲੁਹਾਰਾ ਨਮਿੱਤ 24 ਦਸੰਬਰ ਨੂੰ ਦਿੱਤੇ ਗਏ ਅਰਦਾਸ ਦਿਵਸ ਮੌਕੇ ਦੇਸ਼-ਵਿਦੇਸ਼ ਦੇ ਹਰੇਕ ਗੁਰਦੁਆਰਾ ਸਾਹਿਬ ਵਿਖੇ 9 ਵਜੇ ਤੋਂ ਲੈ ਕੇ 10 ਵਜੇ ਤੱਕ ਚੌਪਈ ਸਾਹਿਬ, ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਉਣ ਉਪਰੰਤ ਭਾਈ ਦਰਸ਼ਨ ਸਿੰਘ ਦੀ ਸ਼ਹੀਦੀ ਸਬੰਧੀ ਵਿਚਾਰਾਂ ਕਰਨ। ਇਹ ਸ਼ਹੀਦੀ ਕਿਉਂ ਹੋਈ, ਕਿੰਨ੍ਹਾਂ ਕੀਤੀ, ਸ਼ਹੀਦ ਦੇ ਕਾਤਲਾਂ ਨੂੰ ਕਿਵੇਂ ਕਾਨੂੰਨੀ ਅਤੇ ਪੰਥਕ ਕਟਹਿਰੇ ਵਿਚ

(ਬਾਕੀ ਸਫਾ 2 'ਤੇ)

**ਸ਼ਹੀਦ ਭਾਈ ਲੋਹਾਰਾ ਨਮਿੱਤ ਅਰਦਾਸ ਦਿਵਸ ਅੱਜ**

## ਫ਼ਤਿਹਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲ ਅੱਜ ਤੋਂ ਸ਼ੁਰੂ

ਫਤਿਹਗੜ੍ਹ ਸਾਹਿਬ, 23 ਦਸੰਬਰ (ਪਰਦੀਪ ਸਿੰਘ/ਬਲਜਿੰਦਰ ਸਿੰਘ/ਬਹਾਦਰ ਸਿੰਘ) ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਅਮਰ ਸ਼ਾਹਦਤ ਅਤੇ ਮਾਤਾ ਗੁਜਰ ਕੌਰ ਜੀ ਦੀ ਯਾਦ ਵਿੱਚ ਲੱਗਣ ਵਾਲਾ ਤਿੰਨ ਦਿਨਾਂ ਸ਼ਹੀਦੀ ਜੋੜ ਮੇਲ ਭਲਕੇ 24 ਦਸੰਬਰ ਤੋਂ ਇੱਥੇ ਸ਼ੁਰੂ ਹੋ ਰਿਹਾ ਹੈ। ਸ਼ਹੀਦੀ ਜੋੜ ਮੇਲ ਵਿੱਚ ਆਉਣ ਵਾਲੇ ਦਸ ਲੱਖ ਦੇ ਕਰੀਬ ਸ਼ਰਧਾਲੂਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੈਮਾਨੇ 'ਤੇ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਵੀ ਇਸ ਸਬੰਧੀ

(ਬਾਕੀ ਸਫਾ 2 'ਤੇ)

## ਨਿੱਕੀਆਂ ਜ਼ਿੰਦਾ
### ਵੱਡਾ ਸਾਕਾ ਦੇ ਮਹਾਨ ਸ਼ਹੀਦ

ਬਾਬਾ ਜੋਰਾਵਰ ਸਿੰਘ,
ਬਾਬਾ ਫ਼ਤਿਹ ਸਿੰਘ ਤੇ
ਜਗਤ ਮਾਤਾ ਗੁਜਰ ਕੌਰ
ਜੀ ਨੂੰ
ਕੋਟਿ-ਕੋਟਿ ਪ੍ਰਣਾਮ

ਵੱਲੋਂ
ਕੰਧਾਰੀ ਬੀਵਰੇਜ਼ (ਪ੍ਰ.) ਲਿਮ. ਨਬੀਪੁਰ
ਜ਼ਿਲ੍ਹਾ ਫ਼ਤਿਗੜ੍ਹ ਸਾਹਿਬ

## 20 ਹਜ਼ਾਰ ਤੋਂ ਜ਼ਿਆਦਾ ਵੋਟਾਂ ਨਾਲ ਜਿੱਤੀ ਮਧੂ ਕੋੜਾ

ਰਾਂਚੀ, 23 ਦਸੰਬਰ (ਵਿਸ਼ਵ ਵਾਰਤਾ)-ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋੜਾ ਦੀ ਪਤਨੀ ਗੀਤਾ ਗੋੜਾ ਨੇ ਜਗਨ ਨਾਥਪੁਰ ਵਿਧਾਨ ਸਭਾ ਸੀਟ ਜਿੱਤ ਲਈ ਹੈ। ਰਾਜ ਵਿਧਾਨ ਸਭਾ ਦੇ ਪਹਿਲੇ ਚੋਣ ਨਤੀਜਿਆਂ ਵਿਚ ਨਵਗਠਿਤ ਜੈ ਭਾਰਤ ਸਮਾਨਤਾ ਪਾਰਟੀ ਦੀ ਉਮੀਦਵਾਰ ਸ੍ਰੀਮਤੀ ਕੋੜਾ ਨੇ ਆਪਣੇ ਵਿਰੋਧੀ ਭਾਜਪਾ ਦੇ ਸੋਨਾਰਾਮ ਬਿਰੂਆ ਨੂੰ 20 ਹਜ਼ਾਰ ਤੋਂ ਜ਼ਿਆਦਾ ਵੋਟਾਂ ਨਾਲ ਹਰਾਇਆ।

## ਬਿਹਾਰ: ਨਕਸਲੀਆਂ ਨੇ ਕੀਤੀ 2 ਦੀ ਹੱਤਿਆ

ਵਾਸ਼ਿੰਗਟਨ, 23 ਦਸੰਬਰ (ਵਿਸ਼ਵ ਵਾਰਤਾ)-ਬਿਹਾਰ ਦੇ ਗਿਯਾ ਜ਼ਿਲ੍ਹੇ ਦੇ ਅੱਤਰੀ ਥਾਣਾ ਖੇਤਰ ਵਿੱਚ ਮੰਗਲਵਾਰ ਦੇਰ ਰਾਤ ਸ਼ੱਕੀ ਨਕਸਲੀਆਂ ਨੇ ਇੱਕ ਪਿੰਡ 'ਤੇ ਹਮਲਾ ਕਰਕੇ ਦੋ ਲੋਕਾਂ ਦੀ ਹੱਤਿਆ ਕਰ ਦਿੱਤੀ। ਪੁਲਿਸ ਅਨੁਸਾਰ ਮਾਓਵਾਦੀਆਂ ਨੇ ਲ ਗ ਪ ਗ

(ਬਾਕੀ ਸਫਾ 2 'ਤੇ)

## ਪੱਤਰਕਾਰ ਸੁਰਿੰਦਰ ਮਾਨ ਨੂੰ ਸਦਮਾ

ਮਾਨਸਾ 23 ਦਸੰਬਰ (ਪ.ਪ.) -'ਅੱਜ ਦੀ ਆਵਾਜ਼' ਦੇ ਮਾਨਸਾ ਤੋਂ ਵਿਸ਼ੇਸ਼ ਪ੍ਰਤੀਨਿਧ ਸ੍ਰੀ ਸੁਰਿੰਦਰ ਸਿੰਘ ਮਾਨ ਨੂੰ ਅੱਜ ਉਸ ਵੇਲੇ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਸੱਸ ਮਾਤਾ ਅਮਰ ਕੌਰ ਉਮਰ 85 ਪਿੰਡ ਫਫੜੇ ਭਾਈਕੇ ਵਿਖੇ ਅਚਾਨਕ ਚੱਲ ਵਸੇ। ਮਾਤਾ ਜੀ ਦਾ ਅੱਜ ਪੂਰੇ ਸਨਮਾਨ ਨਾਲ ਪਿੰਡ ਵਿਖੇ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ 'ਤੇ

(ਬਾਕੀ ਸਫਾ 2 'ਤੇ)

ਫ਼ਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ



ਬਹਾਦਰ ਸਿੰਘ ਮਾਨ
ਪੱਤਰਕਾਰ ਫ਼ਤਿਹਗੜ੍ਹ

